# ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ), ਪੰਜਾਬ, ਐਸ.ਏ.ਐਸ ਨਗਰ
## (ਸੇਵਾਵਾਂ-1 ਸਾਖਾ)

ਸੇਵਾ ਵਿਖੇ,

1. ਡਾਇਰੈਕਟਰ ਸਿੱਖਿਆ ਵਿਭਾਗ (ਕਾਲਜਾਂ), ਪੰਜਾਬ।
2. ਡਾਇਰੈਕਟਰ ਐਸ.ਸੀ.ਈ.ਆਰ.ਟੀ, ਪੰਜਾਬ।
3. ਡਾਇਰੈਕਟਰ ਸਿੱਖਿਆ ਵਿਭਾਗ (ਐ.ਸਿ), ਪੰਜਾਬ।
4. ਸਿੱਖਿਆ ਵਿਭਾਗ ਦੇ ਸਮੂਹ ਡਾਇਰੈਕਟੋਰੇਟਾਂ ਦੇ ਅਧਿਕਾਰੀ/ਕਰਮਚਾਰੀ।
5. ਰਾਜ ਦੇ ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ,ਐ.ਸਿ), ਪੰਜਾਬ (ਵੈਬਸਾਈਟ ਰਾਹੀਂ)
6. ਰਾਜ ਦੇ ਸਮੂਹ ਸਰਕਾਰੀ ਕਾਲਜਾਂ ਦੇ ਪ੍ਰਿੰਸੀਪਲ(ਵੈਬਸਾਈਟ ਰਾਹੀਂ)।

ਮੀਮੋ ਨੰ: 6/8-21 ਸੇ-1(2)/2022 11869

ਮਿਤੀ:12-01-2022

ਵਿਸਾ:- ਬਾਈਫਰਕੇਸਨ ਸਬੰਧੀ।

ਉਪਰੋਕਤ ਵਿਸੇ ਸਬੰਧੀ ਇਸ ਡਾਇਰੈਕਟੋਰੇਟ ਦੇ ਮੀਮੋ ਨੰ:6/8-21 ਸੇ-1(2)/2021396893, ਮਿਤੀ 24-12-21 ਦੀ ਲਗਾਤਾਰਤਾ ਵਿੱਚ।

ਪੰਜਾਬ ਸਰਕਾਰ ਵੱਲੋਂ ਉਚੇਰੀ ਸਿੱਖਿਆ ਵਿਭਾਗ ਵਿੱਚ ਮਨੀਸਟਰੀਅਲ ਅਤੇ ਨਾਨ-ਟੀਚਿੰਗ ਸਟਾਫ ਦਾ ਵੱਖਰਾ ਕਾਡਰ ਬਣਾਉਣ ਸਬੰਧੀ ਹੇਠ ਅਨੁਸਾਰ ਨਿਯਮ ਘੋਸਿਤ ਕੀਤੇ ਗਏ ਹਨ:-

1. Punjab State Educational (Ministerial Staff of Higher Education Department Group 'A') Service Rules, 2021.
2. Punjab State Educational (Ministerial Staff of Higher Education Department Group 'B') Service Rules, 2021.
3. Punjab State Educational (Ministerial Staff of Higher Education Department Group 'C') Service Rules, 2021.

2.0 ਇਸ ਮਾਮਲੇ ਨੂੰ ਮੁੜ ਘੋਖਿਆ ਅਤੇ ਵਿਚਾਰਿਆ ਗਿਆ ਹੈ ਅਤੇ ਪਾਇਆ ਗਿਆ ਹੈ ਕਿ ਉਚੇਰੀ ਸਿੱਖਿਆ ਵਿਭਾਗ ਵਿੱਚ ਮਨਿਸਟਰੀਅਲ ਸਟਾਫ ਦੀਆਂ ਗਰੁੱਪ-ਏ,ਬੀ ਅਤੇ ਸੀ ਦੇ ਵੱਖਰੇ ਕਾਡਰਾਂ ਦੇ ਨਿਯਮ ਮਿਤੀ 28.10.2021 ਨੂੰ ਪੰਜਾਬ ਸਰਕਾਰ ਦੇ ਗਜਟ ਵਿੱਚ ਪ੍ਰਕਾਸਿਤ ਹੋਏ ਸਨ। ਨਵੇਂ ਬਣਾਏ ਗਏ ਗਰੁੱਪ ਏ ਦੇ ਨਿਯਮਾਂ ਦੇ ਨਿਯਮ 1 ਦੇ ਉਪ-ਨਿਯਮ 4 ਵਿੱਚ ਹੇਠ ਅਨੁਸਾਰ ਉਪਬੰਧ ਕੀਤਾ ਗਿਆ ਹੈ:-

" (4) The Members of the existing cadre whose services are governed under the Punjab Education Department (Ministerial Staff of Headquarter) Group 'A' Service Rules, 2018 shall have the right to exercise the option to retain their present cadre or become members of newly created service **within three months from the date of publication of these rules:**

Similar amendments are done in Group 'A' and Group 'B' Rules.

3.0 ਇਨ੍ਹਾਂ ਨਿਯਮਾਂ ਵਿੱਚ ਕੀਤੇ ਗਏ ਉਪਬੰਧਾਂ ਅਨੁਸਾਰ ਆਪ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਸਿੱਖਿਆ ਵਿਭਾਗ ਦੇ ਅਧੀਨ ਦਫਤਰਾਂ ਅਤੇ ਮੁੱਖ ਦਫਤਰਾਂ ਦੇ ਸਮੂਹ ਮਨੀਸਟਰੀਅਲ ਸਟਾਫ ਅਤੇ ਨਾਨ-ਟੀਚਿੰਗ ਸਟਾਫ ਪਾਸੋਂ ਹਵਾਲਾ ਅਧੀਨ ਪੱਤਰ ਰਾਹੀਂ ਅਜਿਹੀਆਂ ਆਪਸਨਾਂ ਪ੍ਰਾਪਤ ਕਰਨ ਦੇ ਸਮੇਂ ਵਿੱਚ ਮਿਤੀ 27-01-2022 ਤੱਕ ਵਾਧਾ ਕੀਤਾ ਜਾਂਦਾ ਹੈ। ਸਿੱਖਿਆ ਵਿਭਾਗ ਦੇ ਡਾਇਰੈਕਟੋਰੇਟਾਂ ਵਿੱਚ ਕੰਮ ਕਰ ਰਹੇ ਅਜਿਹੇ ਅਮਲੇ ਦੀਆਂ ਆਪਸਨਾਂ (ਹਾਰਡ ਕਾਪੀ ਦੋ ਪੜਤਾਂ ਵਿੱਚ) ਇਸ ਡਾਇਰੈਟੋਰੇਟ ਦੀ ਸੇਵਾਵਾਂ-1 ਸਾਖਾ ਅਤੇ ਅਧੀਨ ਦਫਤਰਾਂ ਵਿੱਚ ਕੰਮ ਕਰ ਰਹੇ ਅਮਲੇ ਦੀਆਂ ਆਪਸਨਾਂ (ਹਾਰਡ ਕਾਪੀ ਦੋ ਪੜਤਾਂ ਵਿੱਚ) ਇਸ ਡਾਇਰੈਟੋਰੇਟ ਦੀ ਦਫਤਰੀ ਅਮਲਾ ਸਾਖਾ ਨੂੰ ਮਿਤੀ 27-01-2022 ਤੱਕ ਭੇਜਣੀਆਂ ਯਕੀਨੀ ਬਣਾਈਆਂ ਜਾਣ।

4.0 ਇਹ ਵੀ ਲਿਖਿਆ ਜਾਂਦਾ ਹੈ ਕਿ ਅਧੀਨ ਦਫਤਰਾਂ ਤੋਂ ਉਨ੍ਹਾਂ ਆਸਾਮੀਆਂ ਨਾਲ ਸਬੰਧਤ ਅਧਿਕਾਰੀਆਂ/ਕਰਮਚਾਰੀਆਂ ਵੱਲੋਂ ਹੀ ਆਪਸਨ ਦਿੱਤੀ ਜਾਵੇ, ਜਿਹੜੀਆਂ ਆਸਾਮੀਆਂ ਇਨ੍ਹਾਂ ਨੋਟੀਫਾਈ ਰੂਲਾਂ ਵਿੱਚ ਸਾਮਲ ਕੀਤੀਆਂ ਗਈਆਂ ਹਨ। ਇਸ ਲਈ ਕੇਵਲ ਨੋਟੀਫਾਈ ਹੋਈਆਂ ਆਸਾਮੀਆਂ ਨਾਲ ਸਬੰਧਤ ਅਧਿਕਾਰੀ/ਕਰਮਚਾਰੀ ਹੀ ਆਪਣੀ ਆਪਸਨ ਦਫਤਰੀ ਅਮਲਾ ਸਾਖਾ (ਅਧੀਨ ਦਫਤਰਾਂ ਨਾਲ ਸਬੰਧਤ ਅਮਲਾ) ਵਿਖੇ ਭੇਜਣਾ ਯਕੀਨੀ ਬਣਾਉਣ।

5.0 ਇਹ ਪੱਤਰ ਮਾਨਯੋਗ ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ) ਜੀ ਦੀ ਪੂਰਵ ਪ੍ਰਵਾਨਗੀ ਨਾਲ ਜਾਰੀ ਕੀਤਾ ਜਾਂਦਾ ਹੈ।

ਸੁਪਰਡੰਟ ਸੇਵਾਵਾਂ-1

ਪਿੱਠ ਅੰਕਣ ਨੰ:ਉਕਤ ਮਿਤੀ:

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਅਗਲੇਰੀ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਸਕੱਤਰ, ਉਚੇਰੀ ਸਿੱਖਿਆ ਵਿਭਾਗ।
2. ਸਕੱਤਰ, ਪੰਜਾਬ ਸਰਕਾਰ, ਸਕੂਲ ਸਿੱਖਿਆ ਵਿਭਾਗ।
3. ਡੀ.ਡੀ.ਓ, ਦਫਤਰ ਡੀ.ਪੀ.ਆਈ (ਸੈ.ਸਿ), ਪੰਜਾਬ।
4. ਸੁਪਰਡੰਟ ਦਫਤਰੀ ਅਮਲਾ ਨੂੰ ਲਿਖਿਆ ਜਾਂਦਾ ਹੈ ਕਿ ਖੇਤਰੀ ਦਫਤਰਾਂ ਨਾਲ ਸਬੰਧਤ ਵੱਖ-ਵੱਖ ਕਾਡਰਾਂ ਵਿੱਚ ਕੰਮ ਕਰਦੇ ਮੌਜੂਦਾ ਅਧਿਕਾਰੀਆਂ/ਕਰਮਚਾਰੀਆਂ ਪਾਸੋਂ ਆਪਸਨਾਂ ਪ੍ਰਾਪਤ ਕਰਕੇ ਸੰਕਲਿਤ ਰੂਪ ਵਿੱਚ ਸੇਵਾਵਾਂ-1 ਸਾਖਾ ਵਿੱਚ ਮਿਤੀ 31-01-2022 ਤੱਕ ਭੇਜਣੀਆਂ ਯਕੀਨੀ ਬਣਾਈਆਂ ਜਾਣ।

ਸੁਪਰਡੰਟ ਸੇਵਾਵਾਂ-1